ਜੇਕਰ ਤੁਸੀ ਅਜਿਹਾ ਨਹੀਂ ਕੀਤਾ ਹੈ, ਤਾਂ ਤੁਹਾਡੇ ਸਰੀਰਕ ਅੰਗਾਂ ਦਾ ਦਾਨ ਕਰਨ ਦਾ ਫ਼ੈਸਲਾ ਰਿਸ਼ਤੇਦਾਰਾਂ ਜਾਂ ਪਰਿਵਾਰਕ ਮੈਂਬਰਾਂ ਨੂੰ ਕਰਨਾ ਪੈਂਦਾ ਹੈ।
ਇਸ ਕਰਕੇ, ਇਹ ਫੈਸਲਾ ਕਰਨ ਲਈ ਕੁਝ ਸਮਾਂ ਲੈਣਾ ਮਹੱਤਵਪੂਰਨ ਹੈ। ਕੀ ਤੁਸੀਂ ਇੱਕ ਅੰਗ ਦਾਨੀ ਬਣਨਾ ਚਾਹੁੰਦੇ ਹੋ ਅਤੇ ਆਪਣੀ ਇੱਛਾ ਨੂੰ ਆਪਣੇ ਪਰਿਵਾਰ ਅਤੇ ਦੋਸਤਾਂ ਨਾਲ ਸਾਂਝਾ ਕਰਨਾ ਚਾਹੁੰਦੇ ਹੋ। ਇਸ ਤਰ੍ਹਾਂ, ਸਮਾਂ ਆਉਣ ਤੇ ਉਹਨਾਂ ਨੂੰ ਤੁਹਾਡੇ ਲਈ ਫੈਸਲਾ ਨਹੀਂ ਕਰਨਾ ਪਵੇਗਾ ਅਤੇ ਉਹਨਾਂ ਨੂੰ ਸਿਰਫ਼ ਹਸਪਤਾਲ ਦੇ ਕਰਮਚਾਰੀਆਂ ਨੂੰ ਤੁਹਾਡੀ ਅੰਗ ਦਾਨ ਦੀ ਇੱਛਾ ਦੱਸਣੀ ਪਵੇਗੀ।

## ਦਾਨ ਕਦੋਂ ਹੋ ਸਕਦਾ ਹੈ?

**ਸਭ ਤੋਂ ਵੱਧ ਮਹੱਤਵਪੂਰਵ ਹੈ, ਕਿਸੇ ਵਿਅਕਤੀ ਦੀ ਜਾਨ ਬਚਾਉਣੀ।**

ਡਾਕਟਰੀ ਟੀਮ ਹਮੇਸ਼ਾ ਤੁਹਾਡੀ ਜਾਂ ਤੁਹਾਡੇ ਪਿਆਰਿਆਂ ਦੀ ਜਾਨ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕਰੇਗੀ।

ਜੇਕਰ ਬਦਕਿਸਮਤੀ ਨਾਲ ਇਸ ਜੀਵਨ ਨੂੰ ਬਚਾਉਣ ਦੇ ਸਾਰੇ ਯਤਨ ਅਸਫਲ ਰਹਿੰਦੇ ਹਨ, ਤਾਂ ਅੰਗ ਦਾਨ ਉਦੋਂ ਸ਼ੁਰੂ ਹੁੰਦਾ ਹੈ ਜਦੋਂ:

/ ਵਿਅਕਤੀ ਦੀ ਮੌਤ ਪ੍ਰਮਾਣਿਤ ਕੀਤੀ ਗਈ ਹੈ।
/ ਡਾਕਟਰੀ ਸੰਕੇਤਾਂ ਦੇ ਵਿਰੁੱਧ ਨਹੀਂ ਹੈ।
/ ਮ੍ਰਿਤਕ ਦੇ ਪਰਿਵਾਰ ਨੇ ਪ੍ਰਤੀਨਿਧਤਾ ਦੁਆਰਾ ਦਾਨ ਲਈ ਸਹਿਮਤੀ 'ਤੇ ਦਸਤਖ਼ਤ ਕੀਤੇ ਹਨ।
/ ਅਤੇ ਇੱਥੇ ਕੋਈ ਕਾਨੂੰਨੀ ਪਹਿਲੂ ਨਹੀਂ ਹਨ ਜੋ ਦਾਨ ਨੂੰ ਰੋਕਦੇ ਹਨ।

## ਸਨਮਾਨ

**ਸਰੀਰਕ ਅੰਗਾਂ ਅਤੇ ਚਮੜੀ ਦਾ ਦਾਨ ਸਰੀਰ ਨੂੰ ਵਿਗਾੜਦਾ ਨਹੀਂ ਹੈ ਅਤੇ ਇਸ ਨੂੰ ਵੱਧ ਤੋਂ ਵੱਧ ਸਤਿਕਾਰ ਨਾਲ ਵਿਹਾਰ ਕੀਤਾ ਜਾਂਦਾ ਹੈ।**

ਦਾਨੀ ਦੇ ਸਰੀਰ ਵਿੱਚੋਂ ਅੰਗਾਂ ਨੂੰ ਕੱਢਣ ਦਾ ਕੰਮ ਬਹੁਤ ਹੀ ਧਿਆਨ ਅਤੇ ਸਤਿਕਾਰ ਨਾਲ ਕੀਤਾ ਜਾਂਦਾ ਹੈ। ਪਰਿਵਾਰ ਬਾਅਦ ਵਿਚ ਮ੍ਰਿਤਕ ਸਰੀਰ ਨੂੰ ਦੇਖ ਸਕਦਾ ਹੈ ਅਤੇ ਅੰਤਿਮ ਸੰਸਕਾਰ ਦੀਆਂ ਕਾਰਵਾਈਆਂ ਸ਼ੁਰੂ ਕਰ ਸਕਦਾ ਹੈ।

## ਅੰਗਾਂ ਦੇ ਦਾਨੀ ਕਿਵੇਂ ਬਣਨਾ ਹੈ?

**ਦਾਨੀ ਬਣਨ ਦਾ ਫੈਸਲਾ ਲੈਣਾ ਬਹੁਤ ਸੌਖਾ ਹੈ। ਜਿਵੇ ਕਿ ਪਰਿਵਾਰ ਅਤੇ ਦੋਸਤਾਂ ਨੂੰ ਦੱਸਣਾ ਸੌਖਾ ਹੈ।**

ਜਦੋਂ ਕੋਈ ਵਿਅਕਤੀ ਇੱਕ ਦਾਨੀ ਹੋਣ ਦੀ ਸੰਭਾਵਨਾ 'ਤੇ ਵਿਚਾਰ ਕਰਦਾ ਹੈ ਅਤੇ ਆਪਣੇ ਸਰੀਰਕ ਅੰਗਾਂ ਨੂੰ ਦੂਜੇ ਲੋਕਾਂ ਦੀ ਮਦਦ ਲਈ ਦਾਨ ਕਰਨ ਦਾ ਫੈਸਲਾ ਕਰਦਾ ਹੈ, ਤਾਂ ਸਭ ਤੋਂ ਪਹਿਲਾਂ ਉਸਨੂੰ ਆਪਣੇ ਫੈਸਲੇ ਬਾਰੇ ਆਪਣੇ **ਪਰਿਵਾਰ ਅਤੇ ਦੋਸਤਾਂ ਨੂੰ ਦੱਸਣਾ ਹੋਵੇਗਾ।**
ਕਿਉਕਿ, ਜਦੋਂ ਸਮਾਂ ਆਵੇਗਾ, ਉਹਨਾਂ ਨੂੰ ਸਭ ਤੋਂ ਪਹਿਲਾਂ ਦਾਨ ਦੀ ਸੰਭਾਵਨਾ ਬਾਰੇ ਪੁੱਛਿਆ ਜਾਵੇਗਾ।

ਇਸ ਤੋਂ ਇਲਾਵਾ, ਜੇਕਰ ਤੁਸੀਂ ਇੱਛਾ ਦਾ ਪ੍ਰਦਰਸ਼ਨ ਕਰਨਾ ਚਾਹੁੰਦੇ ਹੋ ਜੇਕਰ ਤੁਸੀਂ ਦਾਨੀ ਹੋ, ਤਾਂ ਤੁਸੀਂ ਇਹ ਵੀ ਕਰ ਸਕਦੇ ਹੋ:

/ ਦਾਨੀ ਪੱਤਰ ਭਰੋ।
/ ਇੱਛਾਵਾਂ ਦੇ ਦਸਤਾਵੇਜ਼ ਦਾ ਫਾਰਮ ਤਿਆਰ ਕਰੋ।
/ ਲਾ ਮੇਵਾ ਸਾਲੂਤ ਐਪ

(https://lamevasalut.gencat.cat) ਦੇ ਇੱਛਾਵਾਂ ਅਤੇ ਦਾਨ ਖਾਤੇ ਵਿੱਚ ਦਾਨ ਬਾਕਸ ਨੂੰ ਸਰਗਰਮ ਕਰੋ, ਜਿਸ ਨਾਲ ਇਹ ਸਾਂਝੇ ਡਾਕਟਰੀ ਇਤਿਹਾਸ ਵਿੱਚ ਵੀ ਦਰਜ ਹੈ ਅਤੇ ਸਿਹਤ ਸੰਭਾਲ ਪੇਸ਼ੇਵਰਾਂ ਨੂੰ ਦਿਖਾਈ ਦਿੰਦਾ ਹੈ।

ਇਹ ਤਿੰਨ ਤਰੀਕੇ ਤੁਹਾਡੇ ਫ਼ੈਸਲੇ ਲਈ ਸਹਾਈ ਹੋਣਗੇ।

## ਸੰਪਰਕ


061 Salut Respon

ocatt@catsalut.cat


## ਹੋਰ ਜਾਣਕਾਰੀ

trasplantaments.gencat.cat

Setembre 2022.© Generalitat de Catalunya. Departament de Salut. DL B 13817-2017

Generalitat de Catalunya
Salut/ OCATT Organització Catalana de Trasplantaments



# ਸਰੀਰਕ ਅੰਗਾਂ ਅਤੇ ਚਮੜੀ ਦਾ ਦਾਨ



## ਸਰੀਰਕ ਅੰਗਾਂ ਅਤੇ ਚਮੜੀ ਦਾ ਦਾਨ ਅਤੇ ਸਿੱਖ ਧਰਮ

Generalitat de Catalunya
Salut/ OCATT Organització Catalana de Trasplantaments

## ਅੰਗ ਦਾਨ ਉਸ ਵਿਅਕਤੀ ਲਈ ਜੀਵਨ ਦਾ ਤੋਹਫ਼ਾ ਹੈ ਜੋ ਇਸ ਦਾਨ ਦੀ ਉਡੀਕ ਕਰ ਰਿਹਾ ਹੈ।

ਦਾਨ ਇੱਕ ਸਵੈ-ਇੱਛਤ, ਪਰਉਪਕਾਰੀ, ਸਹਾਇਕ, ਉਦਾਰ, ਗੁਪਤ, ਮੁਫ਼ਤ ਅਤੇ ਗੈਰ-ਮੁਨਾਫ਼ਾ ਕਾਰਜ ਹੈ, ਜਿਸਦੀ ਕਾਨੂੰਨ ਦੁਆਰਾ ਗਾਰੰਟੀ ਦਿੱਤੀ ਗਈ ਹੈ। ਇਹ ਸਭ ਤੋਂ ਸ਼ਾਨਦਾਰ ਕੰਮਾਂ ਵਿੱਚੋਂ ਇੱਕ ਹੈ ਜੋ ਇੱਕ ਮਨੁੱਖ ਦੂਜੇ ਲੋਕਾਂ ਲਈ ਕਰ ਸਕਦਾ ਹੈ।

ਸਰੀਰਕ ਦਾਨ ਉਦੋਂ ਹੁੰਦਾ ਹੈ ਜਿੱਥੇ ਦਾਨ ਦਿਮਾਗ ਦੀ ਮੌਤ (ਸੇਰੇਬ੍ਰਲ) ਜਾਂ ਅਸਿਸਟੋਲ (ਦਿਮਾਗ) ਵਿੱਚ ਮੌਤ ਤੋਂ ਬਾਅਦ ਹੁੰਦਾ ਹੈ, ਮੁੱਖ ਤੌਰ 'ਤੇ ਸਟ੍ਰੋਕ, ਗੰਭੀਰ ਸਦਮੇ, ਸੇਰੇਬ੍ਰਲ ਐਨੋਕਸੀਆ ਜਾਂ ਦਿਲ ਦਾ ਦੌਰਾ ਪੈਣ ਕਾਰਨ ਹੁੰਦਾ ਹੈ।

ਜਿਹੜੇ ਅੰਗ ਦਾਨ ਕੀਤੇ ਜਾ ਸਕਦੇ ਹਨ ਉਹ ਹਨਃ ਗੁਰਦੇ, ਜਿਗਰ, ਦਿਲ, ਫੇਫੜੇ, ਪੈਨਕ੍ਰੀਅਸ ਅਤੇ ਅੰਤੜੀ, ਚਮੜੀ, ਹੱਡੀਆਂ, ਨਸਾਂ, ਦਿਲ ਦੇ ਵਾਲਵ, ਖੂਨ ਦੀਆਂ ਨਾੜੀਆਂ ਅਤੇ ਕੋਰਨੀਆ ਵਰਗੇ ਅੰਗ ਵੀ ਬਦਲੇ ਕੀਤੇ ਜਾ ਸਕਦੇ ਹਨ।

ਜੀਵਤ ਦਾਨੀ ਉਹ ਰਿਸ਼ਤੇਦਾਰ ਜਾਂ ਮ੍ਰਿਤਕ ਦੇ ਬਹੁਤ ਨਜ਼ਦੀਕੀ ਲੋਕ ਹੁੰਦੇ ਹਨ ਜੋ ਨਿਰਸਵਾਰਥ, ਇੱਕ ਅੰਗ (ਇੱਕ ਗੁਰਦਾ) ਜਾਂ ਇਸਦੇ ਇੱਕ ਹਿੱਸੇ (ਜਿਗਰ ਦਾ ਇੱਕ ਲੋਬਲ) ਦਾਨ ਕਰਨ ਦਾ ਫੈਸਲਾ ਕਰਦੇ ਹਨ। ਟਿਸ਼ੂਆਂ ਜਾਂ ਸੈੱਲਾਂ ਨੂੰ ਵੀ ਜੀਵਨ ਦਿੱਤਾ ਜਾ ਸਕਦਾ ਹੈ, ਜਿਵੇਂ ਕਿ ਬੋਨ ਮੈਰੋ ਦਾ ਮਾਮਲਾ ਹੈ।

### ਅੰਗ ਅਤੇ ਟਿਸ਼ੂ ਦਾਨ ਬਾਰੇ ਸੋਚਣਾ ਮਹੱਤਵਪੂਰਨ ਕਿਉਂ ਹੈ?

**ਇੱਕ ਅੰਗ ਦਾਨੀ 8 ਲੋਕਾਂ ਦੀ ਜਾਨ ਬਚਾ ਸਕਦਾ ਹੈ।**

ਹਸਪਤਾਲ ਵਿੱਚ ਮਰਨ ਵਾਲੇ ਸਾਰੇ ਮਰੀਜ਼ ਸੰਭਾਵੀ ਅੰਗ ਦੇ ਦਾਨੀ ਹੋ ਸਕਦੇ, ਕੋਈ ਮ੍ਰਿਤਕ ਜੋ ਡਾਕਟਰੀ ਸੰਕੇਤਾਂ ਦੇ ਉਲਟ ਹੋਵੇ ਉਸ ਨੂੰ ਛੱਡ ਹਰ ਵਿਅਕਤੀ ਆਪਣੇ ਅੰਗ ਦਾਨ ਕਰ ਸਕਦਾ ਹੈ। ਜੇਕਰ ਸੱਭ ਠੀਕ ਹੋਵੇ ਤਾਂ ਇਹਨਾਂ ਮਾਮਲਿਆਂ ਵਿੱਚ, ਡਾਕਟਰ ਮ੍ਰਿਤਕ ਦੇ ਪਰਿਵਾਰ ਨੂੰ ਪੁੱਛਦੇ ਹਨ ਕਿ ਉਸਨੇ ਆਪਣੇ ਜੀਵਨ ਕਾਲ ਦੌਰਾਨ ਕੋਈ ਦਾਨੀ ਬਣਨ ਦੀ ਇੱਛਾ ਪ੍ਰਗਟ ਕੀਤੀ ਸੀ।



## ਕਤਲੂਨੀਆ ਵਿੱਚ ਸਿੱਖ ਧਰਮ

ਅੱਜ, ਕਤਲੂਨੀਆ ਵਿੱਚ ਲਗਭਗ ੧੨ ਹਜ਼ਾਰ ਸਿੱਖ ਹਨ, ਜਿਨ੍ਹਾਂ ਵਿੱਚੋਂ ਬਹੁਤੇ ਮੂਲ ਰੂਪ ਵਿੱਚ ਪੰਜਾਬ ਰਾਜ (ਭਾਰਤ) ਦੇ ਹਨ।

ਸਿੱਖ ਧਰਮ ਦੀਆਂ ਨੀਹਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪਾਈਆਂ ਜਾਂਦੀਆਂ ਹਨ, ਇੱਕ ਪਵਿੱਤਰ ਅਤੇ ਸਤਿਕਾਰਯੋਗ ਗ੍ਰੰਥ ਜੋ ਸਦੀਵੀ ਅਤੇ ਅਚੱਲ ਮਾਰਗਦਰਸ਼ਕ ਮੰਨਿਆ ਜਾਂਦਾ ਹੈ।

ਅਤੇ ਸਿੱਖ ਧਰਮ ਵਿੱਚ ਰਹਿਤ ਮਰਿਯਾਦਾ।

## ਅੰਗ ਦਾਨ ਬਾਰੇ ਸਿੱਖੀ ਦਾ ਨਜ਼ਰੀਆ

ਸਿੱਖ ਧਰਮ ਦੇ ਤਿੰਨ ਥੰਮ ਹਨ: ਨਾਮ ਜਪਣਾ,ਕਿਰਤ ਕਰਨੀ, ਵੰਡ ਕੇ ਛਕਣਾ
- ਸੇਵਾ - ਵੰਡ ਕੇ ਛਕਣ ਦੇ ਸਿਧਾਂਤ ਦਾ ਹਿੱਸਾ ਹੈ, ਜੋ ਨਾ ਸਿਰਫ ਸਮਾਂ ਅਤੇ ਦੌਲਤ ਨੂੰ ਸਾਂਝਾ ਕਰਨ ਦਾ ਹਵਾਲਾ ਦਿੰਦਾ ਹੈ, ਸਗੋਂ ਅੰਗ ਦਾਨ ਤੱਕ ਵੀ ਹੋ ਸਕਦਾ ਹੈ।

ਸਿੱਖ ਧਰਮ ਗ੍ਰੰਥਾਂ ਵਿੱਚ ਬਹੁਤ ਸਾਰੀਆਂ ਉਦਾਹਰਣਾਂ ਹਨ ਜੋ ਦੂਜਿਆਂ ਦੇ ਭਲੇ ਲਈ ਸਭ ਤੋਂ ਵੱਧ ਦੇਣ ਦੀ ਮਹੱਤਤਾ ਨੂੰ ਉਜਾਗਰ ਕਰਦੀਆਂ ਹਨ। ਇਹ ਉਦਾਹਰਣਾਂ ਵਿਅਕਤੀਆਂ ਦੀ ਅਧਿਆਤਮਿਕ ਤਰੱਕੀ ਲਈ ਜ਼ਰੂਰੀ ਹਨ, ਜੋ ਆਖਿਰਕਾਰ ਉਹਨਾਂ ਦੇ ਗਿਆਨ ਵਿੱਚ ਯੋਗਦਾਨ ਪਾਉਂਦੀਆਂ ਹਨ।

ਹਾਲਾਂਕਿ, ਅੰਗ ਦਾਨ ਬਾਰੇ ਕੋਈ ਸਪੱਸ਼ਟ ਸਿਧਾਂਤਕ ਸਥਿਤੀ ਨਹੀਂ ਹੈ।

ਅੰਗਾਂ ਦੇ ਸੰਬੰਧ ਵਿੱਚ, ਕੋਈ ਵੀ ਉਪਾਅ ਨਹੀਂ ਹੈ ਜੋ ਇਸਨੂੰ ਰੋਕਦਾ ਹੋਵੇ।

## ਗੁਰੂ ਗ੍ਰੰਥ ਸਾਹਿਬ ਜੀ ਕੀ ਕਹਿੰਦੇ ਹਨ?

- ਪੰਕਤੀਆਂ –

ਸੇਵਾ ਸੁਰਤਿ ਸਬਦਿ ਚਿਤੁ ਲਾਏ ॥

ਸੇਵਾ ਤੇ ਸਦਾ ਸੁਖੁ ਪਾਇਆ ਗੁਰਮੁਖਿ ਸਹਜਿ ਸਮਾਵਣਿਆ ॥

ਗੁਰਮੁਖਿ ਸੇਵਾ ਪ੍ਰਾਨ ਅਧਾਰਾ ॥

ਹਉ ਛੁਟਕੈ ਹੋਇ ਅਨੰਦੁ ਤਿਹ ਹਉ ਨਾਹੀ ਤਹ ਆਪਿ ॥

ਸੁੰਞੀ ਦੇਹ ਡਰਾਵਣੀ ਜਾ ਜੀਉ ਵਿਚਹੁ ਜਾਇ ॥

**ਸਿੱਖ ਧਰਮ ਦੇ ਤਿੰਨ ਥੰਮ ਹਨ:**
**ਨਾਮ ਜਪਣਾ,ਕਿਰਤ ਕਰਨੀ, ਵੰਡ ਕੇ ਛਕਣਾ**
**- ਸੇਵਾ - ਵੰਡ ਕੇ ਛਕਣ ਦੇ ਸਿਧਾਂਤ ਦਾ ਹਿੱਸਾ ਹੈ, ਜੋ ਨਾ ਸਿਰਫ ਸਮਾਂ ਅਤੇ ਦੌਲਤ ਨੂੰ ਸਾਂਝਾ ਕਰਨ ਦਾ ਹਵਾਲਾ ਦਿੰਦਾ ਹੈ, ਸਗੋਂ ਅੰਗ ਦਾਨ ਤੱਕ ਵੀ ਹੋ ਸਕਦਾ ਹੈ।**